# ਪੰਜਾਬ ਸਰਕਾਰ
## ਸਿਹਤ ਤੇ ਪਰਿਵਾਰ ਭਲਾਈ ਵਿਭਾਗ
## (ਐਨਐਚਐਮ, ਪੰਜਾਬ)

ਨੰ. ਐਮਡੀ/ਐਨਐਚਐਮ/2020/3376(ਆਰ)-3380(ਆਰ) ਮਿਤੀ, ਚੰਡੀਗੜ੍ਹ, 12 ਮਈ, 2020

ਸੇਵਾ ਵਿਖੇ

1. ਪ੍ਰਮੁੱਖ ਸਕੱਤਰ (ਟਰਾਂਸਪੋਰਟ), ਪੰਜਾਬ।
2. ਪ੍ਰਮੁੱਖ ਸਕੱਤਰ, ਸਿਵਲ ਐਵੀਏਸ਼ਨ, ਪੰਜਾਬ।
3. ਸਮੂਹ ਡਿਵੀਜ਼ਨਲ ਕਮਿਸ਼ਨਰਜ਼, ਪੰਜਾਬ।
4. ਸਮੂਹ ਡਿਪਟੀ ਕਮਿਸ਼ਨਰਜ਼, ਪੰਜਾਬ।
5. ਸਮੂਹ ਸਿਵਲ ਸਰਜਨ, ਪੰਜਾਬ।

**ਵਿਸ਼ਾ: ਕੋਵਿਡ-19 ਮਹਾਂਮਾਰੀ ਦੌਰਾਨ ਵਿਦੇਸ਼ਾਂ ਤੋਂ ਵਾਪਿਸ ਆਏ ਲੋਕਾਂ ਅਤੇ ਬਿਨ੍ਹਾਂ ਲੱਛਣਾਂ ਵਾਲੇ ਸੰਪਰਕਾਂ ਨੂੰ ਹੋਟਲਾਂ / ਨਿੱਜੀ ਫੈਸਲੀਟੀਜ਼ ਵਿੱਚ ਏਕਾਂਤਵਾਸ ਕਰਨ ਲਈ ਦਿਸ਼ਾ ਨਿਰਦੇਸ਼।**

ਕੋਰੋਨਾ ਵਾਇਰਸ (ਕੋਵਿਡ-19) ਸਿਸਟਮਿਕ ਬਿਮਾਰੀ ਹੈ, ਜੋ ਨੋਵਲ ਕੋਰੋਨਾ ਵਾਇਰਸ (SARS-CoV-2) ਨਾਲ ਹੁੰਦੀ ਹੈ ਅਤੇ ਜ਼ਿਆਦਾਤਰ ਮੌਕਿਆਂ ਤੇ ਛਿੱਕਾਂ ਤੇ ਖੰਘ ਦੇ ਛਿੱਟਿਆਂ ਰਾਹੀਂ ਸਾਹ ਜ਼ਰੀਏ ਅੰਦਰ ਜਾਣ ਨਾਲ, ਪੀੜ੍ਹਤ ਵਿਅਕਤੀ ਦੇ ਸੰਪਰਕ ਵਿੱਚ ਆਉਣ ਨਾਲ ਅਤੇ ਸੰਕ੍ਰਮਿਤ ਚੀਜ਼ਾਂ/ਵਸਤੂਆਂ ਨੂੰ ਛੂਹਣ ਨਾਲ ਫ਼ੈਲਦੀ ਹੈ। ਇਹ ਵਾਇਰਸ ਇੱਕ ਤੋਂ ਦੂਜੇ ਵਿਅਕਤੀ ਵਿੱਚ ਫ਼ੈਲਦਾ ਹੈ। ਇਸ ਲਈ ਜ਼ਰੂਰੀ ਹੈ ਕਿ ਵਾਇਰਸ ਦੇ ਸਾਰੇ ਸੰਪਰਕਾਂ ਨੂੰ ਇਕਾਂਤਵਾਸ ਅਤੇ ਮੈਡੀਕਲ ਫਾਲੋਅੱਪ ਕੀਤਾ ਜਾਵੇ। ਰਾਜ ਵੱਲੋਂ ਪਹਿਲਾਂ ਹੀ ਪੱਤਰ ਨੰਬਰ 3322(ਆਰ)-3326(ਆਰ) ਮਿਤੀ 8 ਮਈ, 2020 ਅਨੁਸਾਰ ਘਰ ਵਿੱਚ ਇਕਾਂਤਵਾਸ ਲਈ ਵਿਸਥਾਰਪੂਰਵਕ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾ ਚੁੱਕੇ ਹਨ। ਪੰਜਾਬ ਸਰਕਾਰ ਵੱਲੋਂ ਵਿਦੇਸ਼ਾਂ ਤੋਂ ਆਏ ਲੋਕਾਂ ਨੂੰ ਨਿੱਜੀ ਸੁਵਿਧਾਵਾਂ ਵਿੱਚ ਵੀ ਇਕਾਂਤਵਾਸ ਦੀ ਮੰਜ਼ੂਰੀ ਦਿੱਤੀ ਗਈ ਹੈ। ਅਜਿਹੀ ਸਾਰੇ ਵਿਅਕਤੀ ਜਿਨ੍ਹਾਂ ਵਿੱਚ ਵਾਪਿਸ ਆਉਣ ਤੇ ਕੋਈ ਲੱਛਣ ਨਹੀਂ ਹਨ ਜਾਂ ਕੁਝ ਲੱਛਣ ਦਿਖਾਈ ਦਿੰਦੇ ਹਨ ਪਰੰਤੂ ਕੋਵਿਡ-19 ਨੈਗੇਟਿਵ ਪਾਏ ਗਏ ਹਨ। ਉਨ੍ਹਾਂ ਨੂੰ ਵਾਪਿਸ ਆਉਣ ਤੇ ਉਨ੍ਹਾਂ ਦੀ ਚੋਣ ਅਨੁਸਾਰ ਘਰ ਜਾਂ ਨਿੱਜੀ ਫੈਸੀਲਿਟੀ ਵਿੱਚ ਸਖ਼ਤੀ ਨਾਲ ਇਕਾਂਤਵਾਸ ਵਿੱਚ ਰੱਖਿਆ ਜਾਵੇਗਾ।

ਕੋਵਿਡ-19 ਦੇ ਚੱਲਦੇ ਸੈਰ-ਸਪਾਟਾ ਖੇਤਰ ਪ੍ਰਭਾਵਿਤ ਹੋਣ ਕਰਕੇ ਵੱਡੇ ਪੱਧਰ ਤੇ ਹੋਟਲ, ਅਪਾਰਟਮੈਂਟ, ਲਾਂਜ ਜਿਹੀਆਂ ਕਈ ਫੈਸੀਲੀਟੀਜ਼ ਖਾਲੀ ਪਈਆਂ ਹਨ। ਅਜਿਹੀਆਂ ਕਈ ਸਥਿਤੀਆਂ ਨੂੰ ਮੱਦੇਨਜ਼ਰ ਰੱਖਦੇ ਹੋਏ ਜਿੰਨ੍ਹਾਂ ਲੋਕਾਂ ਕੋਲ ਘਰ ਵਿੱਚ ਏਕਾਂਤਵਾਸ ਲਈ ਜ਼ਰੂਰੀ ਸੁਵਿਧਾਵਾਂ ਨਹੀਂ ਹਨ, ਉਹ ਇਸ ਤਰ੍ਹਾਂ ਦੀਆਂ ਨਿੱਜੀ ਥਾਵਾਂ ਨੂੰ ਏਕਾਂਤਵਾਸ ਲਈ ਵਰਤ ਸਕਦੇ ਹਨ। ਅਜਿਹਾ ਕਰਨ ਨਾਲ ਪਰਿਵਾਰ ਤੇ ਦਬਾਅ ਘੱਟ ਜਾਵੇਗਾ, ਮਰੀਜ਼ ਨੂੰ ਆਸਾਨੀ ਹੋਵੇਗੀ ਅਤੇ ਪਰਿਵਾਰ ਤੇ ਆਂਢ-ਗਵਾਂਢ ਵੀ ਸੁਰੱਖਿਅਤ ਰਹੇਗਾ।

**ੳ. ਫੈਸੀਲਿਟੀ ਮੈਨੇਜ਼ਰਾਂ ਲਈ ਦਿਸ਼ਾ-ਨਿਰਦੇਸ਼ (Guidelines for Facility Managers):**

ਫੈਸੀਲਿਟੀ ਮੈਨੇਜਰ ਵੱਲੋਂ ਆਪਣੀ ਪ੍ਰਾਈਵੇਟ ਫੈਸੀਲਿਟੀ ਵਿੱਚ ਇਸ ਮਾਡਲ ਨੂੰ ਅਪਣਾਉਣ ਤੋਂ ਪਹਿਲਾਂ ਇਹ ਯਕੀਨੀ ਬਣਾਇਆ ਜਾਵੇਗਾ ਕਿ –

1. ਏਕਾਂਤਵਾਸ (Quarantine) ਅਤੇ ਆਈਸੋਲੇਸ਼ਨ (Isolation) ਫੈਸੀਲਿਟੀ (ਜੇਕਰ ਸਰਕਾਰ ਵੱਲੋਂ ਘਰ/ਪ੍ਰਾਈਵੇਟ ਫੈਸੀਲਿਟੀ ਵਿੱਚ ਆਈਸੋਲੇਸ਼ਨ ਦੀ ਮੰਜ਼ੂਰੀ ਦਿੱਤੀ ਗਈ ਹੈ) ਦੋਵੇਂ ਇੱਕ ਸਥਾਨ ਤੇ ਨਹੀਂ ਹੋ ਸਕਦੀਆਂ ਅਤੇ ਫੈਸੀਲਿਟੀ ਦੇ ਮਾਲਿਕ ਨੂੰ ਦੋਵਾਂ ਵਿੱਚੋਂ ਇੱਕ ਦੀ ਚੋਣ ਕਰਨੀ ਹੋਵੇਗੀ।

2. ਫੈਸੀਲਿਟੀ ਵੱਲੋਂ ਇੱਕ ਵੱਖਰਾ ਕਮਰਾ ਕਿਰਾਏ ਤੇ ਦਿੱਤਾ ਜਾਵੇਗਾ, ਜਿਸ ਦੇ ਨਾਲ ਵਾਸ਼ਰੂਮ ਅਟੈਚ ਹੋਵੇ।

3. ਫੈਸੀਲਿਟੀ ਵੱਲੋਂ ਰਾਜ ਸਰਕਾਰ ਨਾਲ ਸਲਾਹ ਕਰਕੇ ਕਿਰਾਇਆ ਨਿਰਧਾਰਿਤ ਕੀਤਾ ਜਾਵੇਗਾ, ਜਿਸ ਬਾਰੇ ਵੱਡੇ ਪੱਧਰ ਤੇ ਪ੍ਰਚਾਰ ਕੀਤਾ ਜਾਵੇਗਾ।

4. ਜੋ ਵੀ ਵਿਅਕਤੀ ਇਸ ਫੈਸੀਲਿਟੀ ਦੀ ਚੋਣ ਕਰਦਾ ਹੈ ਤਾਂ ਉਸ ਨੂੰ ਕਿਰਾਏ ਬਾਰੇ ਵਿਸਥਾਰਪੂਰਵਕ ਸਮਝਾਇਆ ਜਾਵੇਗਾ।

5. ਜਿਸ ਨਿੱਜੀ ਫੈਸੀਲਿਟੀ ਵੱਲੋਂ ਇਕਾਂਤਵਾਸ ਤੇ ਆਈਸੋਲੇਸ਼ਨ (ਜਿਸ ਦੀ ਫਿਲਹਾਲ ਮੰਜ਼ੂਰੀ ਨਹੀਂ ਹੈ) ਦੋਵਾਂ ਲਈ ਚੋਣ ਕੀਤੀ ਜਾਂਦੀ ਹੈ, ਅਜਿਹੀ ਫੈਸੀਲਿਟੀ ਵਿੱਚ ਸ਼ੱਕੀ ਅਤੇ ਪੁਸ਼ਟੀ ਮਰੀਜਾਂ ਨੂੰ ਅਲੱਗ-ਅਲੱਗ ਰੱਖਣ ਲਈ ਨਿਸ਼ਾਨਦੇਹੀ ਕੀਤੀ ਜਾਵੇਗੀ ਅਤੇ ਕਿਸੇ ਵੀ ਹਾਲਾਤ ਵਿਚ ਇਨ੍ਹਾਂ ਨੂੰ ਇਕੱਠੇ ਨਹੀਂ ਹੋਣ ਦਿੱਤਾ ਜਾਵੇਗਾ।

6. ਕੋਈ ਵੀ ਸੰਪਰਕ ਵਾਲਾ ਵਿਅਕਤੀ ਅਜਿਹੀ ਫੈਸੀਲਿਟੀ ਦੀ ਚੋਣ ਕਰਨ ਸਮੇਂ ਇੱਕ ਸਵੈ-ਘੋਸ਼ਣਾ ਭਰ ਕੇ ਦੇਵੇਗਾ, ਜੋ ਕਿ Annexure 1 (ਅੰਗਰੇਜ਼ੀ) ਅਤੇ Annexure 2 (ਪੰਜਾਬੀ) ਤੇ ਨੱਥੀ ਹੈ।

7. ਏਕਾਂਤਵਾਸ ਸੁਵਿਧਾ ਦੇ ਮਾਲਕਾਂ ਵੱਲੋਂ ਕੁਝ ਹੋਰ ਵਾਧੂ ਇੰਤਜਾਮਾਤ ਦਾ ਧਿਆਨ ਰੱਖਿਆ ਜਾਵੇਗਾ:

- ਉਨ੍ਹਾਂ ਵੱਲੋਂ ਰੋਜ਼ਾਨਾ ਡਾਕਟਰ ਦੀ ਉਪਲਬੱਧਤਾ ਯਕੀਨੀ ਬਣਾਈ ਜਾਵੇਗੀ।
- ਡਾਕਟਰ ਵੱਲੋਂ ਏਕਾਂਤਵਾਸ ਫੈਸੀਲਿਟੀ ਵਿੱਚ ਸੰਪਰਕਾਂ ਦਾ ਹਰ ਦਿਨ ਇੱਕ ਵਾਰ ਆਮ ਮਾਪਦੰਡਾਂ ਦੇ ਆਧਾਰ ਤੇ ਤਾਪਮਾਨ, ਪਲਸ, ਬਲੱਡ ਪ੍ਰੈਸ਼ਰ, ਰੇਸਪੀਰੇਟਰੀ ਰੇਟ ਅਤੇ ਪਲਸ ਆਕਸੀਮੀਟਰੀ ਦੀ ਜਾਂਚ ਕੀਤੀ ਜਾਵੇਗੀ ਅਤੇ ਇਸ ਸੰਬੰਧ ਵਿੱਚ ਫੈਸੀਲਿਟੀ ਵਿੱਚ ਸਾਰੇ ਸੰਪਰਕਾਂ ਦਾ ਪੂਰਾ ਰਿਕਾਰਡ ਰੱਖਿਆ ਜਾਵੇਗਾ।
- ਇਸ ਕੰਮ ਵਿੱਚ ਲੱਗੇ ਡਾਕਟਰ ਵੱਲੋਂ ਜ਼ਿਲ੍ਹਾ ਸਰਵੀਲੈਂਸ ਅਫਸਰ ਨੂੰ ਫੈਸੀਲਿਟੀ ਵਿੱਚ ਦਾਖਲ ਅਜਿਹੇ ਸਾਰੇ ਸੰਪਰਕਾਂ ਦੀ ਸੂਚੀ ਅਤੇ ਉਨ੍ਹਾਂ ਦੀ ਸਿਹਤ ਸਥਿਤੀ ਬਾਰੇ ਰੋਜ਼ਾਨਾ ਜਾਣਕਾਰੀ ਦਿੱਤੀ ਜਾਵੇਗੀ।
- ਫੈਸੀਲਿਟੀ ਵੱਲੋਂ ਆਈਸੀਐੱਮਆਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੈਂਪਲ ਟੈਸਟਿੰਗ ਲਈ ਇੱਕ ਮੰਜ਼ੂਰਸ਼ੁਦਾ ਲੈਬਾਰਟਰੀ ਨਾਲ ਸੰਪਰਕ (Network) ਰੱਖਿਆ ਜਾਵੇਗਾ।

- ਏਕਾਂਤਵਾਸ ਕੀਤੇ ਵਿਅਕਤੀਆਂ ਕੋਲ ਕੋਈ ਵੀ ਮਹਿਮਾਨ, ਰਿਸ਼ਤੇਦਾਰ ਜਾਂ ਬਾਹਰਲੇ ਵਿਅਕਤੀ ਨਾਲ ਮਿਲਣ ਨਹੀਂ ਦਿੱਤਾ ਜਾਵੇਗਾ ਅਤੇ ਉਹ ਸਿਰਫ ਫੋਨ ਤੇ ਗੱਲ ਕਰ ਸਕਦੇ ਹਨ।
- ਫੈਸੀਲਿਟੀ ਵੱਲੋਂ ਵਾਈ-ਫਾਈ ਦੀ ਸਹੂਲਤ ਦਿੱਤੀ ਜਾਵੇਗੀ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਹਰ ਵਿਅਕਤੀ ਦੇ ਮੋਬਾਈਲ ਵਿੱਚ ਕੋਵਾ ਪੰਜਾਬ ਐੱਪ ਡਾਊਨਲੋਡ ਕੀਤੀ ਹੋਵੇ (https://play.google.com/store/apps/details?id=in.gov.punjab.cova&hl=en_IN) ਅਤੇ ਇਸਨੂੰ ਹਰ ਸਮੇਂ ਐਕਟਿਵ ਰੱਖਿਆ ਜਾਵੇਗਾ (ਬਲੂਟੂਥ ਅਤੇ ਲੋਕੇਸ਼ਨ ਸਰਵਿਸ ਨਾਲ)।
- ਫੈਸੀਲਿਟੀ ਵੱਲੋਂ ਆਪਣੇ ਸਾਰੇ ਸਟਾਫ ਨੂੰ ਮੁਫ਼ਤ ਐਂਬੂਲੈਂਸ ਸੇਵਾ 108 ਜਾਂ ਜ਼ਰੂਰਤ ਅਨੁਸਾਰ ਹੋਰ ਐਂਬੂਲੈਂਸ ਬੁਲਾਉਣ ਦੀ ਟਰੇਨਿੰਗ ਦਿੱਤੀ ਜਾਵੇਗੀ।
- **ਫੈਸੀਲਿਟੀ ਨੂੰ ਰੋਗਾਣੂ ਮੁਕਤ ਕਰਨਾ (ਡਿਸਇਨਫੈਕਸ਼ਨ)**

**ਅੰਦਰੂਨੀ ਸਥਾਨ** : ਅੰਦਰੂਨੀ ਦਫ਼ਤਰੀ ਥਾਵਾਂ, ਲਾਬੀ, ਕਾਮਨ ਰੂਮ ਆਦਿ ਨੂੰ ਹਰ ਸ਼ਾਮ ਜਾਂ ਸਵੇਰੇ ਸਾਫ਼ ਕੀਤਾ ਜਾਵੇ। ਜੇਕਰ ਕੋਈ ਵੀ ਸਤਿਹ ਤੇ ਗੰਦਗੀ ਦਿਖਾਈ ਦਿੰਦੀ ਹੈ ਤਾਂ ਇਸ ਨੂੰ ਸਾਬਣ ਤੇ ਪਾਣੀ ਨਾਲ ਸਾਫ਼ ਕਰਨ ਤੋਂ ਬਾਅਦ ਡਿਸਇਨਫੈਕਟ ਕੀਤਾ ਜਾਵੇ। ਸਫ਼ਾਈ ਕਰਨ ਤੋਂ ਪਹਿਲਾਂ ਸਫ਼ਾਈ ਵਰਕਰ ਵੱਲੋਂ ਡਿਸਪੋਜ਼ੇਬਲ ਰਬੜ ਬੂਟ, ਦਸਤਾਨੇ (ਹੈਵੀ ਡਿਊਟੀ), ਕੱਪੜੇ ਦਾ ਮਾਸਕ ਪਹਿਨਿਆ ਜਾਵੇ।

- ਸਾਫ਼ ਸਥਾਨਾਂ ਤੋਂ ਸਫ਼ਾਈ ਸ਼ੁਰੂ ਕੀਤੀ ਜਾਵੇ, ਜਿਸ ਤੋਂ ਬਾਅਦ ਜ਼ਿਆਦਾ ਗੰਦਗੀ ਵਾਲੇ ਖੇਤਰਾਂ ਵੱਲ ਸਫ਼ਾਈ ਕੀਤੀ ਜਾਵੇ।
- ਸਾਰੇ ਅੰਦਰੂਨੀ ਖੇਤਰ ਜਿਵੇਂ ਕਿ ਪ੍ਰਵੇਸ਼ ਲਾਬੀ, ਕੋਰੀਡੋਰ ਤੇ ਪੌੜੀਆਂ, ਐਸਕਾਲੇਟਰ, ਐਲੀਵੇਟਰ, ਸਿਕਿਉਰਿਟੀ ਗਾਰਡ ਬੂਥ, ਦਫ਼ਤਰ ਦੇ ਕਮਰੇ, ਮੀਟਿੰਗ ਹਾਲ, ਕੈਫੇਟੇਰੀਆ ਆਦਿ ਨੂੰ 1 ਪ੍ਰਤੀਸ਼ਤ ਸੋਡੀਅਮ ਹਾਈਪੋਕੋਲੋਰਾਈਟ ਨਾਲ ਜਾਂ ਮਾਰਕਿਟ ਵਿੱਚ ਉਪਲਬੱਧ ਇਸ ਬਰਾਬਰ ਦੇ ਹੋਰ ਸਫ਼ਾਈ ਪ੍ਰੋਡਕਟ ਨਾਲ ਡਿਸਇਨਫੈਕਟ ਕੀਤਾ ਜਾਵੇ।
- ਜ਼ਿਆਦਾ ਛੂਹਣ ਵਾਲੀਆਂ ਵਸਤੂਆਂ ਜਿਵੇਂ ਕਿ ਐਲੀਵੇਟਰ ਬਟਨ, ਹੈਂਡ ਰੇਲ/ ਹੈਂਡਲਸ ਤੇ ਕਾਲ ਬਟਨ, ਐਸਕਾਲੇਟਰ ਹੈਂਡ ਰੇਲ, ਪਬਲਿਕ ਕਾਉਂਟਰ, ਇੰਟਰਕਾਮ ਸਿਸਟਮਜ਼, ਟੈਲੀਫੋਨ, ਪ੍ਰਿੰਟਰ/ਸਕੈਨਰ ਅਤੇ ਦਫ਼ਤਰ ਦੀਆਂ ਹੋਰ ਮਸ਼ੀਨਾਂ ਨੂੰ ਰੋਜ਼ਾਨਾ 2 ਵਾਰ ਸੋਡੀਅਮ ਹਾਈਪੋਕੋਲੋਰਾਈਟ ਸੋਲਿਉਸ਼ਨ (1 ਪ੍ਰਤੀਸ਼ਤ ) ਦੇ ਗਿੱਲੇ ਕੱਪੜੇ ਨਾਲ ਸਾਫ਼ ਕੀਤਾ ਜਾਵੇ। ਆਮ ਤੌਰ ਤੇ ਛੂਹੀਆਂ ਜਾਣ ਵਾਲੀਆਂ ਸਤਿਹਾਂ ਜਿਵੇਂ ਕਿ ਮੇਜ਼ ਦੀ ਉਪਰਲੀ ਸਤਿਹ, ਕੁਰਸੀਆਂ ਦੇ ਹੈਂਡਲ, ਪੈਨ, ਡਾਇਰੀ, ਫਾਈਲਾਂ, ਕੀ-ਬੋਰਡ, ਮਾਊਸ, ਮਾਊਸ ਪੈਡ, ਚਾਹ ਕਾਫੀ ਵਾਲੀ ਮਸ਼ੀਨ ਆਦਿ ਦੀ ਖ਼ਾਸ ਤੌਰ ਤੇ ਸਫ਼ਾਈ ਕੀਤੀ ਜਾਵੇ।
- ਧਾਤੂ ਦੀਆਂ ਵਸਤੂਆਂ ਜਿਵੇਂ ਕਿ ਦਰਵਾਜਿਆਂ ਦੇ ਹੈਂਡਲ, ਸਿਕਉਰਿਟੀ ਲੋਕ (ਜ਼ਿੰਦਰੇ), ਚਾਬੀਆਂ ਆਦਿ ਨੂੰ ਸਾਫ਼ ਕੀਤਾ ਜਾਵੇ। ਜੋ ਚੀਜ਼ਾਂ/ਸਤਿਹਾਂ ਨੂੰ ਬਲੀਚ ਪਾਊਡਰ ਨਾਲ ਸਾਫ਼ ਨਹੀਂ ਕੀਤਾ ਜਾ ਸਕਦਾ, ਉਨ੍ਹਾਂ ਨੂੰ 70 ਪ੍ਰਤੀਸ਼ਤ ਅਲਕੋਹਲ ਵਾਲੇ ਸੈਨੀਟਾਈਜ਼ਰ/ਪ੍ਰੋਡਕਟ ਨਾਲ ਸਾਫ਼ ਕੀਤਾ ਜਾਵੇ।

- ਸਾਫ਼-ਸਫ਼ਾਈ ਲਈ ਵਰਤੇ ਗਏ ਸਮਾਨ ਨੂੰ ਵੀ ਇਸਤੇਮਾਲ ਤੋਂ ਬਾਅਦ ਸੁਰੱਖਿਅਤ ਢੰਗ ਨਾਲ ਸਾਫ਼ ਕੀਤਾ ਜਾਵੇ।
- ਸਫਾਈ ਕਰਦੇ ਸਮੇਂ ਪਹਿਨੇ ਗਏ ਪ੍ਰੋਟੈਕਟਿਵ ਗਿਅਰ ਨੂੰ ਨਿਯਮਿਤ ਢੰਗ ਨਾਲ ਨਸ਼ਟ ਕੀਤਾ ਜਾਵੇ।

**ਇਕਾਂਤਵਾਸ ਵਾਲੇ ਕਮਰੇ (Quarantine Rooms):** ਸਫ਼ਾਈ ਕਰਮਚਾਰੀਆਂ ਵੱਲੋਂ ਉਚਿਤ ਪ੍ਰੋਟੈਕਟਿਵ ਗਿਅਰ (ਰਬੜ ਦੇ ਦਸਤਾਨੇ, ਮਾਸਕ, ਰਬੜ ਬੂਟਸ, ਐਪਰਨ ਆਦਿ) ਪਹਿਨਣ ਉਪਰੰਤ ਹੀ ਸੰਪਰਕ ਕੇਸਾਂ ਵੱਲੋਂ ਵਰਤੇ ਜਾ ਰਹੇ ਕਮਰਿਆਂ ਦੀ ਸਫ਼ਾਈ ਕੀਤੀ ਜਾਵੇ।

- ਇਕਾਂਤਵਾਸ ਅਧੀਨ ਵਿਅਕਤੀਆਂ ਨੂੰ ਨਿਰਦੇਸ਼ ਦਿੱਤੇ ਜਾਣ ਕਿ ਉਹ ਆਪਣੇ ਕੂੜੇ ਨੂੰ ਇੱਕ ਬੰਦ ਬੈਗ ਵਿੱਚ ਪਾ ਕੇ ਆਪਣੇ ਦਰਵਾਜੇ ਦੇ ਬਾਹਰ ਰੋਜ਼ਾਨਾ ਪਿੱਕ-ਅੱਪ ਲਈ ਰੱਖਣ।
- ਇਸੇ ਤਰ੍ਹਾਂ ਇਕਾਂਤਵਾਸ ਅਧੀਨ ਵਿਅਕਤੀਆਂ ਨੂੰ ਇਹ ਵੀ ਦਿਸ਼ਾ ਨਿਰਦੇਸ਼ ਦਿੱਤੇ ਜਾਣ ਕਿ ਉਹ ਆਪਣੇ ਗੰਦੇ ਕੱਪੜਿਆਂ ਨੂੰ ਇੱਕ ਬੰਦ ਬੈਗ ਵਿੱਚ ਪਾ ਕੇ ਦਰਵਾਜੇ ਦੇ ਬਾਹਰ ਪਿੱਕ-ਅੱਪ ਲਈ ਰੱਖਣ।
- ਸਫ਼ਾਈ, ਲਾਂਡਰੀ ਅਤੇ ਕੂੜੇ ਚੁੱਕਣ ਵਾਲੇ ਸਟਾਫ ਵੱਲੋਂ ਸਫ਼ਾਈ ਦੇ ਸਾਰੇ ਕੰਮਾਂ ਸਮੇਂ ਅਤੇ ਬੰਦ ਬੈਗਾਂ ਨੂੰ ਚੁੱਕਣ ਸਮੇਂ ਡਿਸਪੋਜ਼ੇਬਲ ਦਸਤਾਨੇ ਅਤੇ ਗਾਊਨ ਪਹਿਨੇ ਜਾਣ।
- ਸਟਾਫ ਵੱਲੋਂ ਇਕਾਂਤਵਾਸ ਅਧੀਨ ਵਿਅਕਤੀ ਦੇ ਕਮਰੇ ਜਾਂ ਖੇਤਰ ਦੀ ਸਫ਼ਾਈ ਕਰਨ ਉਪਰੰਤ ਅਗਲੇ ਕਮਰੇ ਵਿੱਚ ਜਾਣ ਤੋਂ ਪਹਿਲਾਂ ਦਸਤਾਨੇ ਉਤਾਰ ਜਾਣ ਅਤੇ ਨਵੇਂ ਦਸਤਾਨਿਆਂ ਦਾ ਇਸਤੇਮਾਲ ਕੀਤਾ ਜਾਵੇ।
- ਬੈੱਗਾਂ ਨੂੰ ਉਨ੍ਹਾਂ ਦੇ ਸਥਾਨ ਤੇ ਪਹੁੰਚਾਉਣ ਤੋਂ ਬਾਅਦ ਸਟਾਫ ਵੱਲੋਂ ਕੋਈ ਵੀ ਸਖਤ ਸਤਿਹਾਂ/ਸਾਫ਼ ਹੋਣ ਵਾਲੀ ਸਤਿਹਾਂ, ਜਿਥੇ ਬੈਗ ਰੱਖੇ ਗਏ ਸਨ (ਜਿਵੇਂ ਕਿ ਕਾਰਟ ਜਾਂ ਫਰਸ਼) ਨੂੰ ਸਾਫ਼ ਅਤੇ ਡਿਸਇਨਫੈਕਟ ਕੀਤਾ ਜਾਵੇ।
- ਲਾਂਡਰੀ ਅਤੇ ਕੂੜਾ ਚੁੱਕਣ ਵਾਲੇ ਸਟਾਫ ਵੱਲੋਂ ਬੰਦ ਬੈਗਾਂ ਨੂੰ ਉਨ੍ਹਾਂ ਦੇ ਸਥਾਨ ਤੇ ਪਹੁੰਚਾਉਣ ਅਤੇ ਸਫ਼ਾਈ ਤੇ ਡਿਸਇਨਫੈਕਸ਼ਨ ਪ੍ਰਕ੍ਰਿਆ ਪੂਰੀ ਕਰਨ ਤੋਂ ਬਾਅਦ ਤੁਰੰਤ ਆਪਣੇ ਦਸਤਾਨੇ ਨਿਯਮਿਤ ਤਰੀਕੇ ਨਾਲ ਉਤਾਰੇ ਜਾਣ।
- ਜਦੋਂ ਵੀ ਸਟਾਫ ਵੱਲੋਂ ਦਸਤਾਨੇ ਉਤਾਰੇ ਜਾਣ ਤਾਂ ਹੱਥਾਂ ਨੂੰ ਸਾਬਣ ਤੇ ਪਾਣੀ ਨਾਲ ਘੱਟੋ-ਘੱਟ 40 ਸੈਕਿੰਡ ਤੱਕ ਧੋਵੋ, ਹੱਥਾਂ ਦੀਆਂ ਤਲੀਆਂ, ਹੱਥਾਂ ਦਾ ਪਿੱਛਲਾ ਪਾਸਾ, ਉਂਗਲਾਂ ਤੇ ਅੰਗੂਠੇ ਦੇ ਵਿਚਕਾਰ ਦੀ ਜਗ੍ਹਾਂ ਤੇ ਗੁੱਟਾਂ ਨੂੰ ਚੰਗੀ ਤਰ੍ਹਾਂ ਰਗੜੋ।
- ਇਸ ਦੇ ਨਾਲ ਹੀ ਹੱਥ ਸਾਫ਼ ਕਰਨ ਲਈ ਕਮਰੇ ਦੇ ਬਾਹਰ ਲੱਗੇ ਅਲਕੋਹਲ ਯੁਕਤ ਹੈਂਡ ਸੈਨੀਟਾਈਜ਼ਰ (ਘੱਟੋ-ਘੱਟ 70 ਪ੍ਰਤੀਸ਼ਤ ਇਥਾਈਲ ਅਲਕੋਹਲ) ਦੀ ਵੀ ਵਰਤੋਂ ਕੀਤੀ ਜਾ ਸਕਦੀ ਹੈ। ਸਮੇਂ-ਸਮੇਂ ਤੇ ਸੈਨੀਟਾਈਜ਼ਰਾਂ ਨੂੰ ਰੀ-ਫਿਲ ਜਾਂ ਬਦਲਿਆ ਜਾਵੇ। ਘੱਟੋ-ਘੱਟ 3 ਐਮਐਲ ਸੈਨੀਟਾਈਜ਼ਰ (ਲਗਭਗ 2 ਵਾਰ ਦਬਾ ਕੇ ਕੱਢੋ) ਸੁੱਕੇ ਹੱਥਾਂ ਤੇ ਲਗਾਓ ਅਤੇ ਘੱਟੋ-ਘੱਟ 30 ਸੈਕਿੰਡ ਤੱਕ ਮਲੋ।
- ਜੇਕਰ ਸੰਭਵ ਹੋਵੇ ਤਾਂ ਕੱਪੜੇ ਅਤੇ ਹੋਰ ਸਮਾਨ ਜਿਸ ਨੂੰ ਧੋਇਆ ਜਾ ਸਕਦਾ ਹੈ। ਉਨ੍ਹਾਂ ਲਈ ਗਰਮ ਪਾਣੀ ਦੀ ਵਰਤੋਂ ਕਰੋ ਅਤੇ ਇਨ੍ਹਾਂ ਚੀਜ਼ਾਂ ਨੂੰ ਹਾਈ ਹੀਟ ਤੇ ਸੁਕਾਓ।

- ❖ ਜੇਕਰ ਇਕਾਂਤਵਾਸ ਵਿੱਚ ਰਹਿ ਰਹੇ ਵਿਅਕਤੀ ਨੂੰ ਸਫ਼ਾਈ ਵਿੱਚ ਸਹਾਇਤਾ ਦੀ ਜ਼ਰੂਰਤ ਹੈ (ਜਿਵੇਂ ਕਿ ਬਜ਼ੁਰਗ ਵਿਅਕਤੀ, ਜੋ ਕਿ ਆਪਣੇ ਕਮਰੇ ਵਿੱਚ ਉਲਟੀ ਆਦਿ ਨੂੰ ਸਾਫ਼ ਨਹੀਂ ਕਰ ਸਕਦੇ), ਉਨ੍ਹਾਂ ਲਈ ਨਿਯੁਕਤ ਕੀਤੇ ਸਿਹਤ ਸਹਾਇਕ ਵੱਲੋਂ ਸਫ਼ਾਈ ਦੇ ਸਾਰੇ ਕੰਮ ਦੀ ਨਿਗਰਾਨੀ ਕੀਤੀ ਜਾਵੇਗੀ, ਜੋ ਕਿ ਵਿਅਕਤੀ ਦੀ ਨਿਗਰਾਨੀ ਦਾ ਹੀ ਇੱਕ ਹਿੱਸਾ ਹੈ।
- ❖ ਇਕਾਂਤਵਾਸ ਸੰਪਰਕਾਂ ਵੱਲੋਂ ਖਾਲੀ ਕੀਤੇ ਗਏ ਕਮਰਿਆਂ ਨੂੰ ਅਗਲੀ ਵਰਤੋਂ ਲਈ ਉਦੋਂ ਤੱਕ ਬੰਦ ਰੱਖਿਆ ਜਾਵੇ, ਜਦੋਂ ਤੱਕ ਟਰੇਨਡ ਕਲੀਨਿੰਗ ਸਟਾਫ ਵੱਲੋਂ ਇਨ੍ਹਾਂ ਕਮਰਿਆਂ ਦੀ ਸਫ਼ਾਈ ਅਤੇ ਡਿਸਇਨਫੈਕਸ਼ਨ ਨਹੀਂ ਕੀਤੀ ਜਾਂਦੀ। ਇਨ੍ਹਾਂ ਕਮਰਿਆਂ ਵਿੱਚ ਸਫ਼ਾਈ ਕਰਮਚਾਰੀ ਘੱਟੋ-ਘੱਟ 24 ਘੰਟੇ ਤੋਂ ਪਹਿਲਾਂ ਅੰਦਰ ਨਾ ਜਾਣ।
- ਇਨਹਾਉਸ ਕੈਟਰਿੰਗ ਵੱਲੋਂ ਸਿਰਫ਼ ਤਾਜ਼ੇ ਬਣਾਏ ਖਾਣੇ ਦੀ ਹੀ ਰੂਮ ਸਰਵਿਸ ਦਿੱਤੀ ਜਾਵੇ ਅਤੇ ਇਸ ਦੌਰਾਨ ਸਮਾਜਿਕ ਦੂਰੀ ਅਤੇ ਇਨਵਾਇਰਮੈਂਟਲ ਸੈਨੀਟੇਸ਼ਨ ਦੇ ਨਿਯਮਾਂ ਦੀ ਪਾਲਣਾ ਕੀਤੀ ਜਾਵੇ।
- ਜੇਕਰ ਪੈਂਟਰੀ/ਰਸੋਈ ਹੈ ਤਾਂ ਉਸਨੂੰ ਰੋਜ਼ਾਨਾ ਦਫ਼ਤਰ ਦੇ ਹੋਰ ਅੰਦਰੂਨੀ ਥਾਵਾਂ ਦੀ ਤਰ੍ਹਾਂ ਹੀ ਸਾਫ਼ ਕੀਤਾ ਜਾਵੇ। ਜੇਕਰ ਸਲੈਬਾਂ ਅਤੇ ਸਿੰਕ ਆਦਿ ਹਨ ਤਾਂ ਉਨ੍ਹਾਂ ਨੂੰ ਸਾਫ਼ ਕਰਨ ਸਮੇਂ ਖਾਸ ਧਿਆਨ ਰੱਖਿਆ ਜਾਵੇ ਅਤੇ ਇਸ ਲਈ ਸਾਬਣ/ਡਿਟਰਜੈਂਟ ਤੇ ਪਾਣੀ ਦੀ ਵਰਤੋਂ ਕੀਤੀ ਜਾਵੇ।
- ਬਰਤਨਾਂ ਨੂੰ ਡਿਸ਼ਵਾਸ਼ ਬਾਰ/ਲਿਕੁਅਡ ਅਤੇ ਪਾਣੀ ਨਾਲ ਚੰਗੀ ਤਰ੍ਹਾਂ ਸਾਫ਼ ਕੀਤਾ ਜਾਵੇ।
- ਸਟਾਫ/ਸੰਪਰਕਾਂ ਵੱਲੋਂ ਇੱਕ ਦੂਜੇ ਦੇ ਬਰਤਨ ਸਾਂਝੇ ਨਾ ਕੀਤੇ ਜਾਣ।
- ਕੱਚੇ ਫ਼ਲ/ਸਬਜੀਆਂ ਨੂੰ ਸਿੱਧੇ ਤੌਰ ਤੇ ਨਾ ਖਾਧਾ ਜਾਵੇ ਸਗੋਂ ਇਨ੍ਹਾਂ ਨੂੰ ਪਹਿਲਾਂ ਕੋਸੇ ਪਾਣੀ ਨਾਲ ਸਾਫ਼ ਕਰ ਲਿਆ ਜਾਵੇ। ਇਸੇ ਤਰ੍ਹਾਂ ਦੁੱਧ ਦੇ ਪੈਕੇਟ ਨੂੰ ਖੋਲ੍ਹਣ ਤੋਂ ਪਹਿਲਾਂ ਸਾਬਣ ਤੇ ਪਾਣੀ ਨਾਲ ਸਾਫ਼ ਕੀਤਾ ਜਾਵੇ।

8. ਫੈਸੀਲਿਟੀ ਸੰਚਾਲਕ ਵੱਲੋਂ Annexure 3 (ਅੰਗਰੇਜ਼ੀ) ਤੇ Annexure 4 (ਪੰਜਾਬੀ) ਅਨੁਸਾਰ ਘੋਸ਼ਣਾ ਕੀਤੀ ਜਾਵੇਗੀ ਕਿ ਉਹ ਉਪਰੋਕਤ ਦਿਸ਼ਾ ਨਿਰਦੇਸ਼ਾਂ (SOP) ਦੀ ਪਾਲਣਾ ਕਰੇਗਾ ਅਤੇ ਉਸ ਦੇ ਕੋਲ ਉਪਯੁਕਤ ਗਿਣਤੀ ਵਿੱਚ ਮੈਨਪਾਵਰ ਅਤੇ ਦੱਸੇ ਗਏ ਨਿਯਮਾਂ ਅਨੁਸਾਰ ਸਿਹਤ ਵਰਕਰ ਹੋਣਗੇ।

9. ਸੰਪਰਕ/ਸ਼ੱਕੀ ਕੇਸਾਂ ਨੂੰ ਸੰਪਰਕ ਦੇ ਅੰਤਿਮ ਸਮੇਂ ਤੋਂ ਲੈ ਕੇ 14 ਦਿਨ ਤੱਕ ਇਕਾਂਤਵਾਸ ਵਿੱਚ ਰੱਖਿਆ ਜਾਵੇਗਾ।

**ਅ. ਇਕਾਂਤਵਾਸ ਅਧੀਨ ਵਿਅਕਤੀਆਂ ਲਈ ਦਿਸ਼ਾ-ਨਿਰਦੇਸ਼ (Guidelines for Quarantined person)**

ਘਰ ਵਿੱਚ ਇਕਾਂਤਵਾਸ ਲਈ ਜਾਰੀ ਦਿਸ਼ਾ-ਨਿਰਦੇਸ਼ ਪੱਤਰ ਨੰਬਰ 3322(ਆਰ)-3326(ਆਰ) ਮਿਤੀ 8 ਮਈ, 2020 ਅਨੁਸਾਰ ਇਕਾਂਤਵਾਸ ਵਿਅਕਤੀਆਂ ਲਈ ਵੀ ਇਹ ਦਿਸ਼ਾ-ਨਿਰਦੇਸ਼ ਲਾਗੂ ਹੋਣਗੇ।

**ਏ. ਏਅਰ ਕੰਡੀਸ਼ਨਿੰਗ**

ਏਅਰ ਕੰਡੀਸ਼ਨਿੰਗ ਦੀ ਵਰਤੋਂ ਸਿਹਤ ਸੰਸਥਾਵਾਂ ਵਾਸਤੇ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੀਤੀ ਜਾਵੇ (Annexure 5 ਨੱਥੀ ਹੈ)।

**ਸਕੱਤਰ ਸਿਹਤ ਅਤੇ**
**ਮਿਸ਼ਨ ਡਾਇਰੈਕਟਰ, ਐਨਐਚਐਮ, ਪੰਜਾਬ।**

ਨੰ. ਐਮਡੀ/ਐਨਐਚਐਮ/2020/3381(ਆਰ)-3383(ਆਰ) ਮਿਤੀ, ਚੰਡੀਗੜ੍ਹ, 12 ਮਈ 2020

ਉਤਾਰਾ :-

1. ਓਐਸਡੀ ਟੂ ਮੁੱਖ ਸਕੱਤਰ, ਪੰਜਾਬ ਨੂੰ ਮਾਣਯੋਗ ਮੁੱਖ ਸਕੱਤਰ ਜੀ ਦੀ ਜਾਣਕਾਰੀ ਹਿੱਤ।
2. ਪੀਐਸ ਟੂ ਵਧੀਕ ਮੁੱਖ ਸਕੱਤਰ (ਗ੍ਰਹਿ ਵਿਭਾਗ), ਪੰਜਾਬ ਨੂੰ ਵਧੀਕ ਮੁੱਖ ਸਕੱਤਰ (ਗ੍ਰਹਿ ਵਿਭਾਗ) ਜੀ ਦੀ ਜਾਣਕਾਰੀ ਹਿੱਤ।
3. ਪੀਐਸ ਟੂ ਪ੍ਰਮੁੱਖ ਸਕੱਤਰ (ਸਿਹਤ), ਪੰਜਾਬ ਨੂੰ ਪ੍ਰਮੁੱਖ ਸਕੱਤਰ ਸਿਹਤ ਜੀ ਦੀ ਜਾਣਕਾਰੀ ਹਿੱਤ।

**ਸਕੱਤਰ ਸਿਹਤ ਅਤੇ**
**ਮਿਸ਼ਨ ਡਾਇਰੈਕਟਰ, ਐਨਐਚਐਮ, ਪੰਜਾਬ।**

ਨੰ. ਐਮਡੀ/ਐਨਐਚਐਮ/2020/3384(ਆਰ)-3391(ਆਰ) ਮਿਤੀ, ਚੰਡੀਗੜ੍ਹ, 12 ਮਈ 2020

ਉਤਾਰਾ :-

1. ਕਮਿਸ਼ਨਰ, ਐਫਡੀਏ, ਪੰਜਾਬ ਜੀ ਨੂੰ ਜਾਣਕਾਰੀ ਹਿੱਤ।
2. ਮੈਨੇਜਿੰਗ ਡਾਇਰੈਕਟਰ, ਪੀਐਚਐਸਸੀ ਜੀ ਨੂੰ ਜਾਣਕਾਰੀ ਹਿੱਤ।
3. ਕਮਿਸ਼ਨਰ ਆਯੂਸ਼ ਕਮ ਪ੍ਰੋਜੈਕਟ ਡਾਇਰੈਕਟਰ, ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਜੀ ਨੂੰ ਜਾਣਕਾਰੀ ਹਿੱਤ।
4. ਡਾਇਰੈਕਟਰ ਸਿਹਤ ਸੇਵਾਵਾਂ, ਪੰਜਾਬ ਜੀ ਨੂੰ ਜਾਣਕਾਰੀ ਹਿੱਤ।
5. ਡਾਇਰੈਕਟਰ ਸਿਹਤ ਸੇਵਾਵਾਂ (ਪਰਿਵਾਰ ਭਲਾਈ), ਪੰਜਾਬ ਜੀ ਨੂੰ ਜਾਣਕਾਰੀ ਹਿੱਤ।
6. ਡਾਇਰੈਕਟਰ (ਈਐਸਆਈ), ਪੰਜਾਬ ਜੀ ਨੂੰ ਜਾਣਕਾਰੀ ਹਿੱਤ।
7. ਡਾਇਰੈਕਟਰ, ਐਨਐਚਐਮ, ਪੰਜਾਬ ਜੀ ਨੂੰ ਜਾਣਕਾਰੀ ਹਿੱਤ।
8. ਐਗਜ਼ੀਕਿਊਟਿਵ ਡਾਇਰੈਕਟਰ, ਐਸਐਚਐਸਆਰਸੀ, ਪੰਜਾਬ ਜੀ ਨੂੰ ਜਾਣਕਾਰੀ ਹਿੱਤ।

**ਸਟੇਟ ਪ੍ਰੋਗਰਾਮ ਅਫ਼ਸਰ (ਆਈਈਸੀ)**
**ਐਨਐਚਐਮ, ਪੰਜਾਬ।**

# Annexure 1

**Undertaking on quarantine in private facilities**

1. I ………………………… S/W of ……………………, resident of ……………………………………, do hereby voluntarily submit that I am not coming out of any containment zone and I undertake to remain in quarantine for a period of 14 days and during this period I shall monitor my health and maintain distance with those around me and interact with the assigned surveillance team in case I suffer from any deteriorating symptoms or any of my close family contacts develops any symptoms consistent with COVID-19.
2. I have been explained in detail about the precautions that I need to follow while I am under quarantine.
3. I have active COVA app on my phone and I assure that it will remain active throughout the period of quarantine.
4. I am liable to be acted on under section 188 of IPC as per provision of "The Epidemic Diseases Act 1897" for any non-adherence to self-quarantine protocol.

Signature____________________

Date_________________________

Contact Number

# Annexure-2

## ਪ੍ਰਾਈਵੇਟ ਫੈਸੀਲਿਟੀ ਵਿੱਚ ਇਕਾਂਤਵਾਸ ਲਈ ਸਵੈ-ਘੋਸ਼ਣਾ ਪੱਤਰ

1. ਮੈਂ ________________________ ਪੁੱਤਰ/ਪੁੱਤਰੀ ________________________ ਨਿਵਾਸੀ ________________________________________ ਹਾਂ ਅਤੇ ਮੈਂ ਸਵੈ-ਇੱਛਾ ਨਾਲ ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈਂ ਕਿਸੇ ਕਨਟੇਨਮੈਂਟ ਜ਼ੋਨ ਤੋਂ ਨਹੀਂ ਆ ਰਿਹਾ/ਰਹੀ। ਮੈਂ ਅੱਜ ਤੋਂ 14 ਦਿਨ ਤੱਕ Quarantine ਵਿੱਚ ਰਹਾਂਗਾ/ਰਹਾਂਗੀ ਅਤੇ ਇਸ ਸਮੇਂ ਦੌਰਾਨ ਮੈਂ ਆਪਣੀ ਸਿਹਤ ਦੀ ਸਥਿਤੀ ਤੇ ਨਜ਼ਰ ਰੱਖਾਂਗਾ/ਰੱਖਾਂਗੀ ਅਤੇ ਆਪਣੇ ਆਸ-ਪਾਸ ਦੇ ਲੋਕਾਂ ਤੋਂ ਵਾਜਿਬ ਦੂਰੀ ਬਣਾਕੇ ਰੱਖਾਂਗਾ/ਰੱਖਾਂਗੀ। ਜੇਕਰ ਮੈਨੂੰ ਕੋਵਿਡ-19 ਦੇ ਕੋਈ ਲੱਛਣ ਮਹਿਸੂਸ ਹੁੰਦੇ ਹਨ ਤਾਂ ਮੈਂ ਖੇਤਰ ਦੀ ਸਰਵੀਲੈਂਸ ਟੀਮ ਨੂੰ ਸੂਚਿਤ ਕਰਾਂਗਾ/ਕਰਾਂਗੀ।

2. ਮੈਨੂੰ ਇਕਾਂਤਵਾਸ ਦੌਰਾਨ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਵਿਸਥਾਰਪੂਰਵਕ ਦੱਸ ਦਿੱਤਾ ਗਿਆ ਹੈ।

3. ਮੈਂ ਆਪਣੇ ਫੋਨ ਵਿੱਚ ਕੋਵਾ ਐਪਲ ਡਾਊਨਲੋਡ ਕਰ ਲਈ ਹੈ ਅਤੇ ਇਹ ਐਪ Quarantine ਦੀ ਅਵੱਧੀ ਦੌਰਾਨ ਕਿਰਿਆਸ਼ੀਲ ਰਹੇਗੀ।

4. ਜੇਕਰ ਮੈਂ ਇਕਾਂਤਵਾਸ ਦੇ ਪ੍ਰੋਟੋਕੋਲ ਦੀ ਉਲੰਘਣਾ ਕਰਦਾ ਹਾਂ ਤਾਂ ਮੇਰੇ ਵਿਰੁੱਧ Epidemic Diseases Act 1897 ਦੇ ਅਨੁਸਾਰ ਆਈ.ਪੀ.ਸੀ. ਦੀ ਧਾਰਾ 188 ਦੇ ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ।

ਹਸਤਾਖਰ ________________

ਮਿਤੀ ________________

ਸੰਪਰਕ ਨੰਬਰ. ________________

# Annexure 3

**Undertaking by Facility Owner while offering private facility for quarantine of Contacts**

1. I/We ………………………… S/W of ……………………, resident of ……………………………………, owner of …………………………… (in case of more than one owner of the facility, the undertaking be given jointly) do hereby voluntarily submit that I/ We are ready to offer my/our above-named facilityon my/our own volition for the purpose of providing quarantine facility to the Contact cases of COVID-19 and that I/We undertake to comply with the guidelines issued by the Government from time to time in this regard.
2. I/We undertake that the facility named ………………………………… have all the requisite arrangements, as stipulated by the Government, in place and that the facility shall continue to provide the Quarantine facilities for the period stipulated by the Government to all the Contacts who opt for the facility.
3. I/We also undertake that I/We have trained our entire staff working in the facility on the guidelines issued by the Government and that I/We shall ensure the availability of the Doctor ……………………… On daily basis for regular check-up and reporting of the Contacts admitted in the facility.

4. I/We also understand that I/We are liable to be acted on under section 188 of IPC as per provision of “The Epidemic Diseases Act 1897” for any non-adherence to the protocol/guidelines issued by the Government in this regard.

Signature_____________________

Date__________________________

Contact Number ________________

# Annexure 4

**ਸੰਪਰਕਾਂ (Contacts) ਦੇ ਇਕਾਂਤਵਾਸ (Quarantine) ਦੇ ਸੰਬੰਧ ਵਿੱਚ ਪ੍ਰਾਈਵੇਟ ਫੈਸੀਲਟੀਜ਼ (Facilities) ਦੇ ਮਾਲਿਕ ਵੱਲੋਂ ਦਿੱਤੇ ਜਾਣ ਵਾਲੇ ਸਵੈ-ਘੋਸ਼ਣਾ ਪੱਤਰ (Undertaking)**

1. ਮੈਂ/ਅਸੀਂ ________________________ ਪੁੱਤਰ/ਪੁੱਤਰੀ ________________________ ਨਿਵਾਸੀ ________________________ ਮਾਲਿਕ__________________ ਹਾਂ (ਜੇਕਰ ਫੈਸੀਲਿਟੀ ਦੇ ਇੱਕ ਤੋਂ ਵੱਧ ਮਾਲਿਕ ਹਨ ਤਾਂ ਸੰਯੁਕਤ ਸਵੈ-ਘੋਸ਼ਣਾ ਪੱਤਰ ਦਿੱਤਾ ਜਾਵੇਗਾ) ਅਤੇ ਮੈਂ/ਅਸੀਂ ਕੋਵਿਡ-19 ਦੇ ਸੰਪਰਕ ਕੇਸਾਂ ਨੂੰ ਇਕਾਂਤਵਾਸ ਕਰਨ ਲਈ ਮੇਰੀ/ਸਾਡੀ ਉਪਰੋਕਤ ਨਾਮ ਵਾਲੀ ਫੈਸੀਲਿਟੀ ਨੂੰ ਮੇਰੀ/ਸਾਡੀ ਸਹਿਮਤੀ ਨਾਲ ਉਪਲਬੱਧ ਕਰਵਾਉਂਦਾ ਹਾਂ ਅਤੇ ਮੈਂ/ਅਸੀਂ ਸਰਕਾਰ ਵੱਲੋਂ ਸਮੇਂ-ਸਮੇਂ ਤੇ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਘੋਸ਼ਣਾ ਕਰਦੇ ਹਾਂ।

2. ਮੈਂ/ਅਸੀਂ ਇਹ ਘੋਸ਼ਣਾ ਕਰਦੇ ਹਾਂ ਕਿ ____________________________________ ਨਾਮ ਵਾਲੀ ਫੈਸੀਲਿਟੀ ਵਿੱਚ ਸਰਕਾਰ ਦੀਆਂ ਹਿਦਾਇਤਾਂ ਅਨੁਸਾਰ ਸਾਰੇ ਜ਼ਰੂਰੀ ਇੰਤਜਾਮ ਅਤੇ ਇਸ ਫੈਸੀਲਿਟੀ ਦੀ ਚੋਣ ਕਰਨ ਵਾਲੇ ਸਾਰੇ ਸੰਪਰਕਾਂ ਨੂੰ ਇਕਾਂਤਵਾਸ ਦੀ ਸੁਵਿਧਾ ਸਰਕਾਰ ਵੱਲੋਂ ਤੈਅ ਸਮੇਂ ਤੱਕ ਜਾਰੀ ਰੱਖੀ ਜਾਵੇਗੀ।

3. ਮੈਂ/ਅਸੀਂ ਇਹ ਘੋਸ਼ਣਾ ਕਰਦੇ ਹਾਂ ਕਿ ਮੈਂ/ਅਸੀਂ ਫੈਸੀਲਿਟੀ ਵਿੱਚ ਕੰਮ ਕਰਨ ਵਾਲੇ ਆਪਣੇ ਸਾਰੇ ਸਟਾਫ ਨੂੰ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਟਰੇਨਿੰਗ ਦਿੱਤੀ ਜਾ ਚੁੱਕੀ ਹੈ ਅਤੇ ਮੈਂ/ਅਸੀਂ ਇਹ ਯਕੀਨੀ ਬਣਾਉਂਦੇ ਹਾਂ ਕਿ ਫੈਸੀਲਿਟੀ ਵਿੱਚ ਦਾਖਿਲ ਸੰਪਰਕਾਂ (Contacts) ਦੀ ਰੋਜ਼ਾਨਾ ਜਾਂਚ ਅਤੇ ਰਿਪੋਰਟਿੰਗ ਲਈ ਡਾਕਟਰ ________________________ ਉਪਲਬੱਧ ਹੋਵੇਗਾ।

4. ਮੈਂ/ਅਸੀਂ ਇਹ ਵੀ ਸਮਝਦੇ ਹਾਂ ਕਿ ਜੇਕਰ ਮੈਂ/ਅਸੀਂ ਸਰਕਾਰ ਵੱਲੋਂ ਇਸ ਸੰਬੰਧੀ ਜਾਰੀ ਪ੍ਰੋਟੋਕੋਲ/ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕੀਤੀ ਤਾਂ Epidemic Diseases Act 1897 ਦੇ ਅਨੁਸਾਰ ਆਈ.ਪੀ.ਸੀ. ਦੀ ਧਾਰਾ 188 ਦੇ ਤਹਿਤ ਮੇਰੇ/ਸਾਡੇ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ।

ਹਸਤਾਖਰ ______________

ਮਿਤੀ ______________

ਸੰਪਰਕ ਨੰਬਰ. ______________

# Annexure-5

# ਪੰਜਾਬ ਸਰਕਾਰ
## ਸਿਹਤ ਤੇ ਪਰਿਵਾਰ ਭਲਾਈ ਵਿਭਾਗ
### (ਐਨਐਚਐਮ, ਪੰਜਾਬ)

ਨੰ. 3129 (ਆਰ) - 3136 (ਆਰ) ਮਿਤੀ, ਚੰਡੀਗੜ੍ਹ, 24 ਅਪ੍ਰੈਲ 2020

ਸੇਵਾ ਵਿਖੇ

1. ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ/ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।
2. ਸਮੂਹ ਵਿਭਾਗਾਂ ਦੇ ਮੁੱਖੀ, ਪੰਜਾਬ ਸਰਕਾਰ।
3. ਸਮੂਹ ਡਿਵੀਜ਼ਨਾਂ ਦੇ ਕਮਿਸ਼ਨਰਜ਼।
4. ਕਮਿਸ਼ਨਰ ਆਫ ਪੁਲਿਸ।
5. ਸਮੂਹ ਡਿਪਟੀ ਕਮਿਸ਼ਨਰ/ਜ਼ਿਲ੍ਹਾ ਤੇ ਸੈਸ਼ਨ ਜੱਜ, ਪੰਜਾਬ ਸਰਕਾਰ।
6. ਰਜਿਸਟਰਾਰ ਜਨਰਲ, ਪੰਜਾਬ ਤੇ ਹਰਿਆਣਾ ਹਾਈ ਕੋਰਟ।
7. ਸਮੂਹ ਸੀਨੀਅਰ ਸੁਪਰੀਟੈਂਡੈਂਟ ਆਫ ਪੁਲਿਸ।
8. ਸਕੱਤਰ, ਪੰਜਾਬ ਵਿਧਾਨ ਸਭਾ।

**ਵਿਸ਼ਾ :** **ਕੋਵਿਡ–19 ਮਹਾਂਮਾਰੀ ਦੌਰਾਨ ਘਰਾਂ/ਦਫ਼ਤਰਾਂ ਤੇ ਹਸਪਤਾਲਾਂ ਵਿੱਚ ਏਅਰ ਕੰਡੀਸ਼ਨਰ ਦੀ ਵਰਤੋਂ ਸੰਬੰਧੀ ਸਲਾਹ।**

ਕੋਰੋਨਾ ਵਾਇਰਸ (ਕੋਵਿਡ–19) ਸਿਸਟਮਿਕ ਬਿਮਾਰੀ ਹੈ, ਜੋ ਨੋਵਲ ਕੋਰੋਨਾ ਵਾਇਰਸ (SARS-CoV-2) ਨਾਲ ਹੁੰਦੀ ਹੈ ਅਤੇ ਜ਼ਿਆਦਾਤਰ ਮੌਕਿਆਂ ਤੇ ਛਿੱਕਾਂ ਤੇ ਖੰਘ ਦੇ ਛਿੱਟਿਆਂ ਰਾਹੀਂ ਸਾਹ ਜ਼ਰੀਏ ਅੰਦਰ ਜਾਣ ਨਾਲ, ਪੀੜ੍ਹਤ ਵਿਅਕਤੀ ਦੇ ਸੰਪਰਕ ਵਿੱਚ ਆਉਣ ਨਾਲ ਅਤੇ ਸੰਕ੍ਰਮਿਤ ਚੀਜ਼ਾਂ/ਵਸਤੂਆਂ ਨੂੰ ਛੂਹਣ ਨਾਲ ਫ਼ੈਲਦੀ ਹੈ। ਹਾਲਾਂਕਿ ਇਹ ਵਾਇਰਸ ਵੱਖ–ਵੱਖ ਸਤਿਹਾਂ ਉਪਰ ਵੱਖ–ਵੱਖ ਸਮੇਂ ਤੱਕ ਜੀਵਿਤ ਰਹਿੰਦਾ ਹੈ, ਪਰ ਕੈਮੀਕਲ ਡਿਸਇਨਫੈਕਟੈਂਟ ਨਾਲ ਇਹ ਆਸਾਨੀ ਨਾਲ ਖ਼ਤਮ ਹੋ ਜਾਂਦਾ ਹੈ। ਇਸ ਲਈ ਜੇਕਰ ਸਹੀ ਅਤੇ ਸਮੇਂ ਤੇ ਜਾਣਕਾਰੀ ਹੋਵੇ ਤਾਂ ਕੋਰੋਨਾ ਵਾਇਰਸ ਮਹਾਂਮਾਰੀ ਨੂੰ ਰੋਕਿਆ ਜਾ ਸਕਦਾ ਹੈ।

ਪਿੱਛਲੇ ਕੁਝ ਹਫ਼ਤਿਆਂ ਤੋਂ ਗਰਮੀ ਦੇ ਮੌਸਮ ਦੀ ਸ਼ੁਰੂਆਤ ਹੋਣ ਦੇ ਚੱਲਦੇ ਏਅਰ ਕੰਡੀਸ਼ਨਰਾਂ / ਕੂਲਰਾਂ ਦਾ ਕੋਵਿਡ–19 ਦੇ ਮੱਦੇਨਜ਼ਰ ਸੁਰੱਖਿਅਤ ਢੰਗ ਨਾਲ ਵਰਤੋਂ ਕਰਨ ਸੰਬੰਧੀ ਕੁਝ ਸਵਾਲਿਆ ਨਿਸ਼ਾਨ ਸਾਹਮਣੇ ਆਏ ਹਨ। ਏਅਰ ਕੰਡੀਸ਼ਨਰ ਇੱਕ ਕਮਰੇ ਵਿਚਲੀ ਹਵਾ ਨੂੰ ਘੁੰਮਾ ਕੇ (ਰੀ–ਸਰਕੁਲੇਟ) ਦੁਬਾਰਾ ਠੰਡਾ ਕਰਨ ਦੇ ਨਿਯਮ ਤੇ ਕੰਮ ਕਰਦਾ ਹੈ ਅਤੇ ਮੌਜੂਦਾ ਕੋਵਿਡ–19 ਦੀ ਸਥਿਤੀ ਵਿੱਚ ਕੁਝ ਚਿੰਤਾਜਨਕ ਸ਼ੰਕਾਵਾਂ ਸਾਹਮਣੇ ਆ ਰਹੀਆਂ ਹਨ ਕਿ ਏਅਰ ਕੰਡੀਸ਼ਨਰ ਦੀ ਵੱਡੇ ਸਥਾਨਾਂ ਜਿਵੇਂ ਕਿ ਮਾਲ, ਦਫ਼ਤਰ, ਹਸਪਤਾਲ ਆਦਿ ਵਿੱਚ ਵਰਤੋਂ ਦੇ ਨਾਲ ਲੋਕਾਂ ਨੂੰ ਖ਼ਤਰਾ ਹੋ ਸਕਦਾ ਹੈ।

ਇਸ ਦੇ ਚੱਲਦੇ ਸੂਬੇ ਵੱਲੋਂ ਅਜਿਹੀਆਂ ਸ਼ੰਕਾਵਾਂ ਨੂੰ ਦੂਰ ਕਰਨ ਲਈ ਏਅਰ ਕੰਡੀਸ਼ਨਰ / ਕੂਲਰਾਂ ਦੀ ਵੱਖ-ਵੱਖ ਥਾਵਾਂ ਤੇ ਵਰਤੋਂ ਸੰਬੰਧੀ ਹੇਠਾਂ ਲਿਖੇ ਦਿਸ਼ਾ ਨਿਰਦੇਸ਼ ਜਾਰੀ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਵੱਖ-ਵੱਖ ਥਾਵਾਂ ਤੇ ਏਸੀ ਦੀ ਵਰਤੋਂ ਕਰਨ ਸੰਬੰਧੀ ਜ਼ਰੂਰੀ ਸਲਾਹਾਂ / ਦਿਸ਼ਾ ਨਿਰਦੇਸ਼ ਹੇਠ ਲਿਖੇ ਅਨੁਸਾਰ ਹਨ -

**ਸੈਕਸ਼ਨ-ੳ : ਘਰੇਲੂ ਥਾਵਾਂ**

1. **ਰੂਮ ਏਅਰ ਕੰਡੀਸ਼ਨਰਜ਼ (ਵਿੰਡੋ / ਸਪਲਿੱਟ)**

- ਏਅਰ ਕੰਡੀਸ਼ਨਰ ਦੁਆਰਾ ਕਮਰੇ ਵਿੱਚ ਵਾਰ-ਵਾਰ ਘੁੰਮਣ ਵਾਲੀ ਹਵਾ ਵਿੱਚ ਬਾਹਰੀ ਤਾਜ਼ੀ ਹਵਾ ਦਾ ਮੇਲ ਜ਼ਰੂਰੀ ਹੈ, ਜਿਸ ਲਈ ਖਿੜਕੀ ਨੂੰ ਥੋੜ੍ਹਾ ਜਿਹਾ ਖੋਲ੍ਹ ਕੇ ਰੱਖਿਆ ਜਾ ਸਕਦਾ ਹੈ ਤਾਂ ਜੋ ਕੁਦਰਤੀ ਹਵਾ ਕਮਰੇ ਵਿੱਚ ਦਾਖਿਲ ਹੋ ਸਕੇ ਅਤੇ ਬੰਦ ਹਵਾ ਨੂੰ ਬਾਹਰ ਜਾਣ ਦਾ ਰਸਤਾ ਮਿਲ ਪਾਵੇ।
- ਕਮਰੇ ਦਾ ਤਾਪਮਾਨ 24 ਤੋਂ 27 ਡਿਗਰੀ ਸੈਲਸੀਅਸ ਵਿੱਚ ਸੈੱਟ ਕੀਤਾ ਜਾਵੇ ਅਤੇ ਨਮੀਂ (ਹਿਊਮੀਡਿਟੀ) ਨੂੰ 40 ਤੋਂ 70 ਪ੍ਰਤੀਸ਼ਤ ਵਿੱਚ ਰੱਖੀ ਜਾਵੇ।
- ਏਅਰ ਕੰਡੀਸ਼ਨਰ ਦੀ ਸਮੇਂ-ਸਮੇਂ ਤੇ ਸਰਵਿਸ ਕਰਵਾਈ ਜਾਵੇ ਤਾਂ ਜੋ ਫਿਲਟਰ ਸਾਫ਼ ਰਹਿਣ।
- ਜ਼ਿਆਦਾ ਲੋਕਾਂ ਵਾਲੇ ਕਮਰੇ ਵਿੱਚ ਹਵਾ ਬਾਹਰ ਕੱਢਣ ਵਾਲਾ ਪੱਖਾ (ਐਗਜ਼ਾਸਟਫੈਨ) ਲਗਾਇਆ ਜਾ ਸਕਦਾ ਹੈ, ਜਿਸ ਨਾਲ ਕਮਰੇ ਵਿੱਚ ਨੈਗੇਟਿਵ ਪ੍ਰੈਸ਼ਰ ਬਣੇ ਅਤੇ ਤਾਜ਼ੀ ਹਵਾ ਦਾ ਚਲਣ ਰਹੇ।
- ਕਮਰੇ ਵਿੱਚ ਘੁੰਮ ਰਹੀ ਹਵਾ ਨੂੰ ਸਮੇਂ-ਸਮੇਂ ਤੇ ਬਾਹਰ ਕੱਢਿਆ ਜਾਵੇ।

2. **ਅਵੈਪੋਰੇਟਿਵ/ਡੈਜ਼ਰਟ ਏਅਰ ਕੂਲਰ (Evaporative/Desert Air Cooler)**

- ਇਹ ਸਲਾਹ ਹੈ ਕਿ ਧੂੜ-ਮਿੱਟੀ ਨੂੰ ਅੰਦਰ ਨਾ ਆਉਣ ਦਿੱਤਾ ਜਾਵੇ ਅਤੇ ਸਾਫ਼-ਸਫ਼ਾਈ (ਹਾਈਜੀਨ) ਰੱਖੀ ਜਾਵੇ। ਅਵੈਪੋਰੇਟਿਵ ਕੂਲਰਾਂ ਦੇ ਟੈਂਕਾਂ ਨੂੰ ਸਾਫ਼ ਤੇ ਰੋਗਾਣੂ ਮੁਕਤ ਕਰਨਾ ਜ਼ਰੂਰੀ ਹੈ ਅਤੇ ਸਮੇਂ-ਸਮੇਂ ਤੇ ਪਾਣੀ ਨੂੰ ਤਾਜ਼ਾ ਪਾਣੀ ਭਰ ਕੇ ਬਦਲਿਆ ਜਾਵੇ।
- **ਏਅਰ ਕੂਲਰਾਂ ਨੂੰ ਰੋਗਾਣੂ ਮੁਕਤ ਕਰਨਾ -** ਅਵੈਪੋਰੇਟਿਵ ਏਅਰ ਕੂਲਰਾਂ ਨੂੰ ਸਮੇਂ-ਸਮੇਂ ਤੇ ਸਾਫ਼ ਤੇ ਰੋਗਾਣੂ ਮੁਕਤ ਕੀਤਾ ਜਾਵੇ। ਪਾਣੀ ਵਾਲੇ ਟੈਂਕ ਨੂੰ ਖਾਲੀ ਕਰਕੇ ਕਿਸੇ ਸਾਫ਼ ਕੱਪੜੇ, ਸਪੰਜ ਅਤੇ ਗਰਮ ਪਾਣੀ ਨਾਲ ਸਾਫ਼ (ਪੂੰਜਿਆ) ਕੀਤਾ ਜਾਵੇ ਤਾਂ ਜੋ ਪਿੱਛਲੀ ਸਫ਼ਾਈ ਦੇ ਸਮੇਂ ਤੋਂ ਬਾਅਦ ਜਮ੍ਹਾਂ ਹੋਈ ਗੰਦਗੀ ਨੂੰ ਸਾਫ਼ ਕੀਤਾ ਜਾ ਸਕੇ। ਇਸਤੋਂ ਇਲਾਵਾ ਟੈਂਕ ਨੂੰ ਹਲਕੇ ਸਾਬਣ ਵਾਲੇ ਪਾਣੀ ਦਾ ਇਸਤੇਮਾਲ ਕਰਨ ਉਪਰੰਤ ਸਾਫ਼ ਤਾਜ਼ੇ ਪਾਣੀ ਨਾਲ ਧੋਇਆ ਜਾ ਸਕਦਾ ਹੈ।
- ਸਹੀ ਵੈਂਟੀਲੇਸ਼ਨ ਲਈ ਅਵੈਪੋਰੇਟਿਵ ਕੂਲਰ ਵਿੱਚ ਬਾਹਰ ਦੀ ਤਾਜ਼ਾ ਹਵਾ ਆਉਣਾ ਜ਼ਰੂਰੀ ਹੈ।

3. **ਪੱਖੇ:**

1. ਪੱਖਿਆਂ ਨੂੰ ਚਲਾਉਣ ਸਮੇਂ ਖਿੜਕੀਆਂ ਨੂੰ ਧੋੜਾ ਜਿਹਾ ਖੋਲ੍ਹ ਕੇ ਰੱਖਿਆ ਜਾਵੇ।

2. ਜੇਕਰ ਨਜ਼ਦੀਕ ਹੀ ਕੋਈ ਐਗਜ਼ਾਸਟ ਫੈਨ ਲੱਗਿਆ ਹੈ ਤਾਂ ਉਸਨੂੰ ਚੱਲਦਾ ਰੱਖੋ ਤਾਂ ਜੋ ਹਵਾ ਦਾ ਬਿਹਤਰ ਵਹਾਅ ਹੋ ਸਕੇ।

## ਸੈਕਸ਼ਨ – ਅ : ਵਪਾਰਿਕ (ਕਮਰਸ਼ੀਅਲ) ਤੇ ਉਦਯੋਗਿਕ (ਇੰਡਸਟਰੀਅਲ) ਥਾਵਾਂ

1. ਕੋਵਿਡ–19 ਦੇ ਖ਼ਤਰੇ ਦੇ ਹਵਾ ਵਿੱਚ ਫ਼ੈਲਾਵ ਨੂੰ ਘੱਟੋ-ਘੱਟ ਰੱਖਣ ਲਈ ਜ਼ਰੂਰੀ ਹੈ ਕਿ ਅੰਦਰੂਨੀ ਵਾਤਾਵਰਣ ਵਿੱਚ ਵੱਧ ਤੋਂ ਵੱਧ ਬਾਹਰੀ ਹਵਾ ਆਉਣੀ ਚਾਹੀਦੀ ਹੈ।

2. ਸਿਰਫ਼ ਖਿੜਕੀਆਂ ਖੋਲ੍ਹਣ ਦੀ ਜਗ੍ਹਾਂ ਤੇ ਜੇਕਰ ਵੈਂਟੀਲੇਸ਼ਨ ਵਾਲਾ ਮਕੈਨੀਕਲ ਵੈਂਟੀਲੇਸ਼ਨ ਸਿਸਟਮਜ਼ ਅਤੇ ਏਅਰ ਕੰਡੀਸ਼ਨਿੰਗ ਸਿਸਟਮਜ਼ ਹੋਵੇ ਤਾਂ ਜ਼ਿਆਦਾ ਬਿਹਤਰ ਤਰੀਕੇ ਨਾਲ ਬਾਹਰੀ ਹਵਾ ਨੂੰ ਫਿਲਟਰ ਕਰਕੇ ਅੰਦਰੂਨੀ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਲਿਆਇਆ ਜਾ ਸਕਦਾ ਹੈ।

3. ਜੇਕਰ ਤਾਜ਼ੀ ਹਵਾ ਉਪਲਬੱਧ ਨਾ ਹੋ ਰਹੀ ਹੋਵੇ ਤਾਂ ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਤਾਜ਼ੀ ਹਵਾ ਲਈ ਸੈਂਟਰਲ ਇਨਲਾਈਨ ਫੈਨ ਫਿਲਟਰ ਯੂਨਿਟ ਨਾਲ ਇੱਕ ਏਅਰ ਡਕਟ (ਹਵਾ ਵਾਲੀ ਪਾਈਪ) ਜੋੜ ਦਿੱਤੀ ਜਾਵੇ ਅਤੇ ਜੇਕਰ ਮਲਟੀਪਲ ਕੈਸੇਟ ਜਾਂ ਮਲਟੀਪਲ ਹਾਈ ਵਾਲ ਯੂਨਿਟ ਹੋਣ ਤਾਂ ਤਾਜ਼ੀ ਹਵਾ ਨੂੰ ਗਰਿਲਾਂ ਰਾਹੀਂ ਅੰਦਰੂਨੀ ਖੇਤਰ ਵਿੱਚ ਜਾਂ ਉਸਦੇ ਨਜ਼ਦੀਕ ਪਹੁੰਚਾਇਆ ਜਾ ਸਕਦਾ ਹੈ।

4. ਤਾਜ਼ੀ ਹਵਾ ਦੀ ਘੱਟੋ-ਘੱਟ ਮਾਤਰਾ 3 ਕਿਊਬਿਕ ਮੀਟਰ/ਘੰਟਾ ਪ੍ਰਤੀ ਵਿਅਕਤੀ ਅਤੇ 3.75 ਕਿਊਬਿਕ ਮੀਟਰ /ਘੰਟਾ ਪ੍ਰਤੀ ਸਕੇਅਰ ਮੀਟਰ (5 ਸੀਐਫਐਮ ਪ੍ਰਤੀ ਵਿਅਕਤੀ ਅਤੇ 0.6 ਸੀਐਫਐਮ ਪ੍ਰਤੀ ਸਕੇਅਰ ਫੁੱਟ) ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

5. ਡਕਟ ਫੈਨ ਕੁਆਲਿਡ ਅਤੇ ਏਅਰ ਹੈਂਡਲਿੰਗ ਯੂਨਿਟਾਂ ਦੇ ਮਾਮਲੇ ਵਿੱਚ ਇਨਲੈੱਟ ਡਕਟ ਅਤੇ ਪੱਖੇ ਨਾਲ ਤਾਜ਼ੀ ਹਵਾ ਦੀ ਸਪਲਾਈ ਕੀਤੀ ਜਾਵੇ।

6. ਜਿਹੜੀਆਂ ਇਮਾਰਤਾਂ ਵਿੱਚ ਮਕੈਨੀਕਲ ਵੈਂਟੀਲੇਸ਼ਨ ਸਿਸਟਮ ਨਹੀਂ ਹੈ। ਉਨ੍ਹਾਂ ਵਿੱਚ ਖੁੱਲਣ ਵਾਲੀਆਂ ਖਿੜਕੀਆਂ ਦਾ ਉਪਯੋਗ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

7. ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਰੀ-ਸਰਕੂਲੇਟ ਸਿਸਟਮ ਦੇ ਮਾਮਲੇ ਵਿੱਚ ਰਿਟਰਨ ਏਅਰ ਸਰਕੂਲੇਸ਼ਨ ਨੂੰ ਸੀਮਿਤ ਕੀਤਾ ਜਾਵੇ। ਇਸ ਰਿਟਰਨ ਏਅਰ ਸਿਸਟਮ ਨੂੰ ਐਗਜ਼ਾਸਟ ਸਿਸਟਮ ਵਿੱਚ ਬਦਲਿਆ ਜਾ ਸਕਦਾ ਹੈ।

**ਸੈਕਸ਼ਨ- ਏ : ਸਿਹਤ ਸੰਸਥਾਵਾਂ (ਹੈਲਥ ਕੇਅਰ ਫੈਸਲੀਟੀਜ਼)**

1. ਸਿਹਤ ਸੰਸਥਾਵਾਂ ਵਿੱਚ ਖ਼ਾਸ ਤੌਰ ਤੇ ਕੋਵਿਡ-19 ਵਾਰਡਾਂ ਜਾਂ ਆਈਸੋਲੇਸ਼ਨ ਸੈਂਟਰਾਂ ਵਿੱਚ ਸੰਕਰਮਣ ਫ਼ੈਲਣ ਦਾ ਖ਼ਤਰਾ ਜ਼ਿਆਦਾ ਰਹਿੰਦਾ ਹੈ।

2. ਇਸ ਲਈ ਸਲਾਹ ਦਿੱਤੀ ਜਾਂਦੀ ਹੈ ਕਿ ਇਨ੍ਹਾਂ ਖੇਤਰਾਂ ਵਿੱਚ ਬਾਕੀ ਸਾਰੇ ਹਸਪਤਾਲ ਜਾਂ ਬਿਲਡਿੰਗ ਨਾਲੋਂ ਏਅਰ ਕੰਡੀਸ਼ਨਿੰਗ ਸਿਸਟਮ ਵੱਖਰਾ ਹੋਵੇ ਤਾਂ ਜੋ ਸੰਭਾਵਿਤ ਸੰਕ੍ਰਮਿਤ ਹਵਾ ਜਾਂ ਛਿੱਟਿਆਂ ਨੂੰ ਫੈਲਣ ਤੋਂ ਰੋਕਿਆ ਜਾ ਸਕੇ।

3. ਉਹ ਕੁਝ ਥਾਵਾਂ ਜਿਥੇ ਵੱਖਰੀ ਏਅਰ ਕੰਡੀਸ਼ਨਿੰਗ ਨਹੀਂ ਕੀਤੀ ਜਾ ਸਕਦੀ। ਉਥੇ ਇਕੱਠੀ ਹੋਈ ਬਾਹਰ ਜਾਣ ਵਾਲੀ ਹਵਾ (exhaust air) ਵਿੱਚ ਸੰਕ੍ਰਮਿਤ ਰੋਗਾਣੂ ਹੋਣ ਦੀ ਸੰਭਾਵਨਾ ਰਹਿੰਦੀ ਹੈ ਅਤੇ ਇਸ ਲਈ ਉਪਯੁਕਤ ਤਕਨੀਕ ਦੀ ਵਰਤੋਂ ਕਰਕੇ ਸੰਕ੍ਰਮਣ ਨੂੰ ਫੈਲਣ ਦੇ ਖ਼ਤਰੇ ਤੋਂ ਬਚਾਅ ਕੀਤਾ ਜਾ ਸਕਦਾ ਹੈ। ਕੋਵਿਡ-19 ਪ੍ਰਭਾਵਿਤ ਮਰੀਜ ਦੇ ਕਮਰੇ ਦੀ ਐਗਜ਼ਾਸਟ ਹਵਾ ਦਾ ਟਰੀਟਮੈਂਟ, ਹੈਪਾ-ਫਿਲਟਰੇਸ਼ਨ ਜਾਂ ਕੈਮੀਕਲ ਡਿਸਇਨਫੈਕਸ਼ਨ ਨਾਲ ਕੀਤਾ ਜਾ ਸਕਦਾ ਹੈ, ਹਵਾ ਦੀ ਬਬਲਿੰਗ ਕਰਨ ਲਈ ਗੈਰ ਧਾਤੂ ਮਟੀਰੀਅਲ ਵਾਲੇ **ਡਿਫਿਊਜ਼ਡ ਏਅਰ ਏਰੀਏਟਰ ਟੈਂਕ** ਦਾ ਇਸਤੇਮਾਲ ਕੀਤਾ ਜਾ ਸਕਦਾ ਹੈ, ਜਿਸ ਵਿੱਚ 1 ਪ੍ਰਤੀਸ਼ਤ ਸੋਡੀਅਮ ਹਾਈਪੋਕਲੋਰਾਈਟ ਸੋਲਿਊਸ਼ਨਸ ਦੀ ਵਰਤੋਂ ਕੀਤੀ ਜਾਵੇ।

4. ਐਗਜ਼ਾਸਟ ਹਵਾ ਦਾ ਟਰੀਟਮੈਂਟ ਕਰਨ ਲਈ ਇਸ ਨੂੰ 45 ਮਿੰਟ ਤੱਕ 75 ਡਿਗਰੀ ਸੈਲਸੀਅਸ ਤਾਪਮਾਨ ਵਿੱਚ ਲਿਆ ਕੇ ਵੀ SARS-CoV ਦੇ ਪ੍ਰਭਾਵ ਨੂੰ ਘੱਟ ਕੀਤਾ ਜਾ ਸਕਦਾ ਹੈ।

5. ਇਸੇ ਤਰ੍ਹਾਂ ਯੂਵੀਸੀ SARS-CoV (254 nm wavelength) ਇੱਕ ਰੇਡੀਏਸ਼ਨ ਦੀ 4016 $\mu W/Cm^2$ ਇੱਕ ਰੈਡੀਏਸ਼ਨ ਇਨਟੈਂਸਿਟੀ ਦੀ 15 ਮਿੰਟ ਵਰਤੋਂ ਨਾਲ SARS-CoV ਪ੍ਰਭਾਵ ਪੂਰੀ ਤਰ੍ਹਾਂ ਖ਼ਤਮ ਹੋ ਜਾਂਦਾ ਹੈ।

6. ਐਗਜ਼ਾਸਟ ਸਿਸਟਮ ਵਿੱਚ ਐਕਟਿਵ ਵਾਇਰਲ ਪਾਰਟੀਕਲ ਮੌਜੂਦ ਹੋਣ ਦੀ ਸੰਭਾਵਨਾ ਦੇ ਚੱਲਦੇ ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਐਗਜ਼ਾਸਟ ਸਿਸਟਮ ਦੀ ਮੈਂਟੀਨੈਂਸ ਦੇ ਸਮੇਂ ਉਪਯੁਕਤ ਨਿੱਜੀ ਅਤੇ ਵਾਤਾਵਰਣ ਸੁਰੱਖਿਆ ਨਿਯਮਾਵਲੀ ਦੀ ਪਾਲਣਾ ਕੀਤੀ ਜਾਵੇ।

7. ਕੋਵਿਡ-19 ਦੇ ਕਣਾਂ ਤੋਂ ਬਚਾਅ ਲਈ ਸੀਮਿਤ ਸਰੋਤਾਂ ਵਾਲੇ ਸਥਾਨਾਂ ਤੇ ਆਈਸੋਲੇਸ਼ਨ ਲਈ ਕੁਝ ਅਸਥਾਈ ਦੀਵਾਰਾਂ ਬਣਾ ਕੇ ਸੁਰੱਖਿਆ ਪ੍ਰਦਾਨ ਕੀਤੀ ਜਾ ਸਕਦੀ ਹੈ। ਇਹ ਅਸਥਾਈ ਢਾਂਚੇ ਵਾਲੇ ਟੈਂਟ ਜਾਂ ਕਿਊਬੀਕਲ (ਪਲਾਸਟਿਕ ਜਾਂ ਧਾਤੂ) ਨੂੰ ਪਲਾਸਟਿਕ ਸ਼ੀਟ ਜਾਂ ਕੈਨਵਸ ਕਵਰ ਦਾ ਇਸਤੇਮਾਲ ਕਰਕੇ ਬਣਾਇਆ ਜਾ ਸਕਦਾ ਹੈ।

8. ਏਕਾਂਤਵਾਸ ਕੇਂਦਰ ਹਵਾਦਾਰ ਹੋਣੇ ਚਾਹੀਦੇ ਹਨ ਅਤੇ ਨੈਗੇਟਿਵ ਜਾਂ ਨਿਉਟ੍ਰਲ ਪ੍ਰੈਸ਼ਰ ਤੇ ਮੈਂਟੇਨ ਹੋਣੇ ਚਾਹੀਦੇ ਹਨ। ਜਦੋਂ ਮਕੈਨੀਕਲ ਵੈਂਟੀਲੇਸ਼ਨ ਦੀ ਵਰਤੋਂ ਕੀਤੀ ਜਾਵੇ ਤਾਂ ਇੱਕ ਵਾਰ ਵਰਤੋਂ ਵਾਲਾ (once through - non recalculating system) ਹੋਣਾ ਚਾਹੀਦਾ ਹੈ, ਜੋ ਕਿ ਸਾਫ਼ ਤੋਂ ਗੰਦੀ (ਮਰੀਜਾਂ ਵੱਲ ਸਾਫ਼ ਅਤੇ ਐਗਜ਼ਾਸਟ ਵੱਲ ਗੰਦੀ) ਹਵਾ ਲੈ ਜਾਣ ਦੇ ਵਹਾਅ ਦੇ ਤਰੀਕੇ ਅਨੁਸਾਰ ਕੰਮ ਵਿੱਚ ਲਿਆਂਦਾ ਜਾਵੇ।

9. ਯੂਨਿਟਾਂ ਦਾ ਬਚਾਅ ਮੈਨੂਫੈਕਚਰਰ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਕੀਤੀ ਜਾਵੇ। ਜਿਸ ਵਿੱਚ ਡਿਸਇਨਫੈਕਸ਼ਨ ਅਤੇ ਸਫ਼ਾਈ ਹੇਠ ਲਿਖੇ ਅਨੁਸਾਰ ਕੀਤੀ ਜਾਵੇ।

- **ਫਿਲਟਰ ਗਰਿਲਾਂ, ਡਿਫਿਊਜ਼ਰਜ਼ ਅਤੇ ਅੰਦਰੂਨੀ ਸਤਿਹਾਂ (Surface)** – ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ 5 ਪ੍ਰਤੀਸ਼ਤ ਕ੍ਰੀਸੋਲ ਘੋਲ (50 ਪ੍ਰਤੀਸ਼ਤ ਕ੍ਰੀਸੋਲ ਅਤੇ 50 ਪ੍ਰਤੀਸ਼ਤ ਤਰਲ ਸਾਬਣ ਦੇ ਘੋਲ ਵਾਲਾ) ਦਾ ਇਸਤੇਮਾਲ ਡਿਸਇਨਫੈਕਸ਼ਨ ਲਈ ਕੀਤਾ ਜਾਵੇ। ਇਸ 1 ਲੀਟਰ ਘੋਲ ਨੂੰ 9 ਲੀਟਰ ਪਾਣੀ ਵਿੱਚ ਮਿਲਾਇਆ ਜਾਵੇ। ਸਤਿਹਾਂ (Surface) ਤੇ ਇਸ ਘੋਲ ਦਾ ਸਪਰੇਅ ਕੀਤਾ ਜਾਵੇ ਅਤੇ 10 ਮਿੰਟ ਲਈ ਛੱਡਣ ਤੋਂ ਬਾਅਦ ਪਾਣੀ ਨਾਲ ਧੋਤਾ ਜਾਂ ਕੱਪੜੇ ਨਾਲ ਸਾਫ਼ ਕੀਤਾ ਜਾਵੇ। ਇਹ ਤਕਨੀਕ ਸਿਰਫ਼ ਧੋਤੇ ਜਾਣ ਵਾਲੇ ਫਿਲਟਰਾਂ (washable filters) ਲਈ ਹੈ।
- **ਕੰਡੈਨਸੇਟ ਡਰੇਨ ਪੈਨ** – ਕੰਡੈਨਸੈੱਟ ਡਰੇਨ ਪੈਨ ਦੀ ਡਿਸਇਨਫੈਕਸ਼ਨ / ਟਰੀਟਮੈਂਟ ਯੂਵੀ ਤਕਨੀਕ ਨਾਲ ਜਾਂ 1 ਪ੍ਰਤੀਸ਼ਤ ਸੋਡੀਅਮ ਹਾਈਪੋਕੋਲੋਰਾਈਟ ਨਾਲ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਇਹ ਸਿਰਫ਼ ਉਸ ਸਮੇਂ ਹੀ ਵਰਤੋਂ ਵਿੱਚ ਆਵੇਗਾ, ਜੇਕਰ HVAC ਉਪਕਰਣ ਰੀ-ਸਰਕਲ ਮੋਡ ਤੇ ਕੰਮ ਕਰ ਰਿਹਾ ਹੈ।
- **ਕੁਆਇਲਸ** – ਕੁਆਇਲਸ ਦੀ ਸਫ਼ਾਈ ਲਈ ਨਿਰਧਾਰਿਤ ਸਿਫਾਰਿਸ਼ਾਂ ਦੀ ਪਾਲਣਾ ਕੀਤੀ ਜਾਵੇ ਅਤੇ ਉਪਰ ਦਰਸਾਏ ਫਿਲਟਰ ਸਾਫ਼ ਕਰਨ ਵਾਲੇ ਤਰੀਕਿਆਂ ਅਨੁਸਾਰ ਸੈਨੀਟਾਈਜ਼ ਕੀਤਾ ਜਾਵੇ।
- ਤਾਜ਼ੀ ਹਵਾ ਅਤੇ ਵੈਂਟੀਲੇਸ਼ਨ ਸਿਸਟਮਾਂ ਨੂੰ ਆਫ ਸਾਈਕਲ ਦੌਰਾਨ ਚੱਲਦਾ ਰੱਖਿਆ ਜਾਵੇ ਅਤੇ ਛੁੱਟੀ ਜਾਂ ਹਫ਼ਤੇ ਦੇ ਅੰਤਿਮ ਦਿਨ ਨੂੰ ਏਅਰ ਸਰਕੂਲੇਸ਼ਨ ਮੋਡ ਵਿੱਚ ਰੱਖਿਆ ਜਾਵੇ।

**ਸੈਕਸ਼ਨ–ਸ : ਦਫ਼ਤਰ**

1. ਦਫ਼ਤਰਾਂ ਵਿੱਚ ਗਰਮੀ ਦੇ ਮੌਸਮ ਵਿੱਚ ਵੱਖ–ਵੱਖ ਤਰ੍ਹਾਂ ਦੀ ਏਅਰ ਕੰਡੀਸ਼ਨਿੰਗ ਵਰਤੀ ਜਾਂਦੀ ਹੈ, ਜਿਵੇਂ ਕਿ ਵਿੰਡੋ/ਸਪਲਿਟ ਏਅਰ ਕੰਡੀਸ਼ਨਰ/ਸੈਂਟਰਲ ਏਅਰ ਕੰਡੀਸ਼ਨਰ/ਕੂਲਰ ਆਦਿ। ਮੈਨੇਜਮੈਂਟ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਦਫ਼ਤਰ ਵਿੱਚ ਵਰਤੀ ਜਾਣ ਵਾਲੀ ਏਅਰ ਕੰਡੀਸ਼ਨਿੰਗ ਤਕਨੀਕ ਅਨੁਸਾਰ ਇਸ ਐਡਵਾਈਜ਼ਰੀ ਵਿੱਚ ਸੰਬੰਧਿਤ ਸੈਕਸ਼ਨ ਵਿੱਚ ਦਰਸਾਏ ਦਿਸ਼ਾ–ਨਿਰਦੇਸ਼ਾਂ ਦੀ ਪਾਲਣਾ ਕਰਨ।

**ਸਕੱਤਰ ਸਿਹਤ ਅਤੇ**
**ਮਿਸ਼ਨ ਡਾਇਰੈਕਟਰ, ਐਨਐਚਐਮ, ਪੰਜਾਬ।**

ਨੰ. 3137 (ਆਰ) – 3138 (ਆਰ) ਮਿਤੀ, ਚੰਡੀਗੜ੍ਹ, 24 ਅਪ੍ਰੈਲ 2020

ਉਤਾਰਾ :–

1. ਓਐਸਡੀ ਟੂ ਮੁੱਖ ਸਕੱਤਰ, ਪੰਜਾਬ ਨੂੰ ਮਾਣਯੋਗ ਮੁੱਖ ਸਕੱਤਰ ਜੀ ਦੀ ਜਾਣਕਾਰੀ ਹਿੱਤ।
2. ਪੀਐਸ ਟੂ ਪ੍ਰਮੁੱਖ ਸਕੱਤਰ (ਸਿਹਤ), ਪੰਜਾਬ ਨੂੰ ਪ੍ਰਮੁੱਖ ਸਕੱਤਰ ਸਿਹਤ ਜੀ ਦੀ ਜਾਣਕਾਰੀ ਹਿੱਤ।

**ਸਕੱਤਰ ਸਿਹਤ ਅਤੇ**
**ਮਿਸ਼ਨ ਡਾਇਰੈਕਟਰ, ਐਨਐਚਐਮ, ਪੰਜਾਬ।**

ਨੰ. 3139 (ਆਰ) - 3145 (ਆਰ) ਮਿਤੀ, ਚੰਡੀਗੜ੍ਹ, 24 ਅਪ੍ਰੈਲ 2020

ਉਤਾਰਾ :–

1. ਕਮਿਸ਼ਨਰ, ਐਫਡੀਏ, ਪੰਜਾਬ ਜੀ ਨੂੰ ਜਾਣਕਾਰੀ ਹਿੱਤ।
2. ਮੈਨੇਜਿੰਗ ਡਾਇਰੈਕਟਰ, ਪੀਐਚਐਸਸੀ ਜੀ ਨੂੰ ਜਾਣਕਾਰੀ ਹਿੱਤ।
3. ਕਮਿਸ਼ਨਰ ਆਯੂਸ਼ ਕਮ ਪ੍ਰੋਜੈਕਟ ਡਾਇਰੈਕਟਰ, ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਜੀ ਨੂੰ ਜਾਣਕਾਰੀ ਹਿੱਤ।
4. ਡਾਇਰੈਕਟਰ ਸਿਹਤ ਸੇਵਾਵਾਂ, ਪੰਜਾਬ ਜੀ ਨੂੰ ਜਾਣਕਾਰੀ ਹਿੱਤ।
5. ਡਾਇਰੈਕਟਰ ਸਿਹਤ ਸੇਵਾਵਾਂ (ਪਰਿਵਾਰ ਭਲਾਈ), ਪੰਜਾਬ ਜੀ ਨੂੰ ਜਾਣਕਾਰੀ ਹਿੱਤ।
6. ਡਾਇਰੈਕਟਰ (ਈਐਸਆਈ), ਪੰਜਾਬ ਜੀ ਨੂੰ ਜਾਣਕਾਰੀ ਹਿੱਤ।
7. ਸਮੂਹ ਸਿਵਲ ਸਰਜਨ, ਪੰਜਾਬ ਨੂੰ ਜਾਣਕਾਰੀ ਤੇ ਯੋਗ ਕਾਰਵਾਈ ਹਿੱਤ।

**ਸਟੇਟ ਪ੍ਰੋਗਰਾਮ ਅਫ਼ਸਰ (ਆਈਈਸੀ)**
**ਐਨਐਚਐਮ, ਪੰਜਾਬ।**